# ਪੁਰਾਤਨ ਪੰਜਾਬੀ ਵਾਰਤਕ

ਗੱਦ ਅਤੇ ਪਦ ਸਾਹਿਤ ਦੇ ਦੋ ਰੂਪ ਹਨ। ਕਵਿਤਾ ਵਾਰਤਕ ਤੋਂ ਪਹਿਲਾਂ ਹੋਂਦ ਵਿਚ ਆਉਂਦੀ ਹੈ। ਕਿਉਂਕਿ ਮੁੱਢਲੀ ਅਵਸਥਾ ਵਿਚ ਮਨੁੱਖ ਦੀ ਚੇਤਨਾ ਵਧੇਰੇ ਜਜ਼ਬਾਤੀ ਅਤੇ ਭਾਵੁਕ ਹੁੰਦੀ ਹੈ। ਭਾਵਨਾ ਅਤੇ ਕਲਪਨਾ ਕਵਿਤਾ ਦੇ ਪ੍ਰਮੁੱਖ ਤੱਤ ਹਨ। ਵਾਰਤਕ ਵਿਚ ਵਿਗਿਆਨ ਅਤੇ ਤਰਕ ਦੀ ਪ੍ਰਧਾਨਤਾ ਹੁੰਦੀ ਹੈ,ਜੋ ਕਿ ਮਨੁੱਖ ਦੀ ਚੇਤਨਾ ਦੀ ਨਿਸ਼ਾਨੀ ਹੈ।

ਸੰਤ ਸਿੰਘ ਸੇਖੋਂ ਦੇ ਅਨੁਸਾਰ :

"ਵਿਗਿਆਨ ਵਾਂਗ ਗੱਦ ਦਾ ਸੰਬੰਧ ਵੀ ਸਮਾਜ ਵਿਚ ਮੱਧ ਸ਼੍ਰੇਣੀ ਦੇ ਵਿਕਾਸ ਨਾਲ ਹੈ। ਗੱਦ ਦਾ ਸੰਬੰਧ ਆਧੁਨਿਕ ਵਿਗਿਆਨ ਦੀ ਉਤਪਤੀ ਤੇ ਵਿਕਾਸ ਨਾਲ ਹੈ ਤੇ ਆਧੁਨਿਕ ਵਿਗਿਆਨ ਮੱਧ ਸ਼੍ਰੇਣੀ ਦੇ ਵਿਕਾਸ ਦਾ ਇਕ ਫਲ ਹੈ।"

ਵਾਰਤਕ ਤਿੰਨ ਤਰ੍ਹਾਂ ਦੀ ਹੁੰਦੀ ਹੈ :

1. ਬਿਆਨੀਆ ਵਾਰਤਕ
2. ਵਿਆਖਿਆ ਮਈ ਵਾਰਤਕ
3. ਭਾਵਾਤਮਕ ਵਾਰਤਕ

# ਮੱਧਕਾਲੀਨ ਵਾਰਤਕ  ਦੇ ਰੂਪ

ਪੁਰਾਤਨ ਪੰਜਾਬੀ ਵਾਰਤਕ ਮੱਧਕਾਲ ਦੀ ਉਪਜ ਹੋਣ ਕਰਕੇ ਇਹ ਧਾਰਮਿਕ ਅਧਿਆਤਮਕ ਬਿਰਤੀ ਦੀ ਧਾਰਨੀ ਹੈ। ਇਸ ਵਿਚ ਜਨਮਸਾਖੀ,ਸਾਖੀ,ਪਰਚੀ, ਗੋਸ਼ਟਿ,ਪਰਮਾਰਥ,ਟੀਕੇ, ਮਸਲੇ,ਸੁਖਨ,ਬਚਨ,ਮਹਾਤਮ,ਸਾਰ ਆਦਿ ਵਿਧਾਵਾਂ ਸ਼ਾਮਿਲ ਹਨ।

# ਜਨਮਸਾਖੀ :

ਗੁਰੂ ਨਾਨਕ ਕਾਲ ਦੀ ਸਭ ਤੋਂ ਪ੍ਰਮੁੱਖ ਵਿਧਾ ਜਨਮਸਾਖੀ ਮੰਨੀ ਜਾਂਦੀ ਹੈ। ਇਹ ਸ਼ਬਦ ਦੋ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ- ਜਨਮ+ਸਾਖੀ। ਜਨਮ ਤੋਂ ਭਾਵ ਉਤਪਤੀ, ਪੈਦਾ ਹੋਣਾ, ਜੀਵਨ (ਪੈਦਾ ਹੋਣ ਤੋਂ ਲੈ ਕੇ ਅੰਤਿਮ ਸਮੇਂ ਤਕ) ਆਦਿ। ਸਾਖੀ 'ਸਾਕਸ਼ੀ' ਤੋਂ ਬਣਿਆ ਹੈ, ਜਿਸ ਦਾ ਅਰਥ ਹੈ ਗਵਾਹੀ। ਇਸ ਤਰ੍ਹਾਂ ਜਨਮਸਾਖੀ ਤੋਂ ਭਾਵ ਅਜਿਹੀ ਵਿਧਾ ਤੋਂ ਲਿਆ ਜਾਂਦਾ ਹੈ, ਜਿਸ ਵਿਚ ਕਿਸੇ ਮਹਾਨ ਸ਼ਖ਼ਸੀਅਤ ਦੇ ਜਨਮ ਤੋਂ ਲੈ ਕੇ ਉਸਦੇ ਦੇਹਾਂਤ ਤਕ
ਦਾ ਪ੍ਰਮਾਣਿਕ ਵੇਰਵਾ ਮਿਲਦਾ ਹੋਵੇ। ਇਹ ਮਿੱਥ ਅਤੇ ਰੋਮਾਂਸ ਦੇ ਸੁਮੇਲ ਵਾਲੀ ਵਿਧਾ ਹੈ। ਇਸ ਨੂੰ ਪਾਤਰ ਪ੍ਰਧਾਨ ਬਿਰਤਾਂਤ ਕਿਹਾ ਜਾਂਦਾ ਹੈ ।

# ਸਾਖੀ :

ਸਾਖੀ ਸੰਸਕ੍ਰਿਤ ਦੇ ਸ਼ਬਦ 'ਸਾਕਸ਼ੀ' ਦਾ ਰੂਪਾਂਤਰ ਹੈ। ਜਿਸਦਾ ਅਰਥ ਹੈ ਗਵਾਹੀ ਜਾਂ ਪ੍ਰਮਾਣ। ਸਾਖੀ ਵੀ ਮੱਧਕਾਲੀ ਵਾਰਤਕ ਦੀ ਇਕ ਵੰਨਗੀ ਹੈ। ਜਨਮਸਾਖੀ ਪਾਤਰ ਪ੍ਰਧਾਨ ਬਿਰਤਾਂਤ ਹੈ, ਜਿਸ ਕਰਕੇ ਇਸ ਵਿਚ ਇਕ ਹੀ ਨਾਇਕ ਹੁੰਦਾ ਹੈ। ਸਾਖੀਆਂ ਵਿਚ ਵੱਖ ਵੱਖ ਸ਼ਖ਼ਸੀਅਤਾਂ ਨਾਲ ਸੰਬੰਧਿਤ ਘਟਨਾ ਪ੍ਰਸੰਗਾਂ ਨੂੰ ਪੇਸ਼ ਕੀਤਾ ਜਾਂਦਾ ਹੈ।

# ਪਰਚੀ :

ਪਰਚੀ ਸ਼ਬਦ ‘ਪਰਿਚਯ/ਪਰਿਚੈ’ ਤੋਂ ਬਣਿਆ ਹੈ, ਜਿਸ ਦਾ ਅਰਥ ਹੈ ਮੁੱਢਲੀ ਜਾਣ -ਪਛਾਣ। ਇਸ ਵਿਚ ਕਿਸੇ ਧਾਰਮਿਕ ਸ਼ਖ਼ਸੀਅਤ ਦੇ ਜੀਵਨ ਬਾਰੇ ਸੰਖੇਪ ਜਿਹੀ ਜਾਣਕਾਰੀ ਪੇਸ਼ ਕੀਤੀ ਜਾਂਦੀ ਹੈ। ਇਸ ਦਾ ਸੁਭਾਅ ਵੀ ਸਾਖੀ ਵਰਗਾ ਹੀ ਹੈ।

# ਟੀਕਾ ਪਰੰਪਰਾ :

ਟੀਕਾ ਪਰੰਪਰਾ ਦਾ ਸੰਬੰਧ ਸ਼ਬਦਾਂ ਦੇ ਅਰਥਾਂ ਨਾਲ ਹੁੰਦਾ ਹੈ। ਟੀਕੇ ਭਾਰਤੀ ਪਰੰਪਰਾ ਦੇ ਅੰਗ ਰਹੇ ਹਨ। ਇਹ ਪਰੰਪਰਾ ਅੱਗੋਂ ਮੱਧਕਾਲੀਨ ਵਾਰਤਕ ਵਿਚ ਵੀ ਮਿਲਦੀ ਹੈ। ਲਿਖਤਾਂ ਵਿਚਲੇ ਉਚੇਰੇ ਸਰੋਕਾਰਾਂ ਨੂੰ ਖ਼ਾਸ ਕਰਕੇ ਅਧਿਆਤਮਕਤਾ ਨਾਲ ਸੰਬੰਧਤ ਸਰੋਕਾਰਾਂ ਨੂੰ ਆਮ ਤੌਰ `ਤੇ ਸਰੋਤੇ ਨੂੰ ਸਮਝਾਉਣ ਲਈ ਸਰਲ ਕਰਕੇ ਪੇਸ਼ ਕੀਤਾ ਜਾਂਦਾ ਹੈ। ਜਿਸ ਕਾਰਨ ਟੀਕਾ ਪਰੰਪਰਾ ਦੀ ਜ਼ਰੂਰਤ ਪਈ।

# ਪਰਮਾਰਥ ਪਰੰਪਰਾ :

ਇਹ ਦੋ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ, ਪਰਮ+ਅਰਥ। ਇਹ ਇਕ ਤਰਾਂ ਨਾਲ ਸ਼ਬਦ ਕੋਸ਼ਾਂ ਦੀ ਵੰਨਗੀ ਹੈ, ਜਿਸ ਵਿਚ ਕਹੇ ਦੇ ਪਿੱਛੇ ਅਣਕਹੇ ਨੂੰ ਪੇਸ਼ ਕੀਤਾ ਜਾਂਦਾ ਹੈ। ਇਸ ਵਿਚ ਸਤਹੀ ਅਰਥਾਂ ਪਿੱਛੇ ਲੁਕੇ ਡੂੰਘੇ ਅਰਥਾਂ ਨੂੰ ਪੇਸ਼ ਕੀਤਾ ਜਾਂਦਾ ਹੈ। ਪੁਰਾਣੇ ਰਚਨਾਕਾਰਾਂ ਨੇ ਆਪਣੀਆਂ ਰਚਨਾਵਾਂ ਵਿਚ ਗੱਲ ਨੂੰ ਰਹੱਸਾਤਮਕ ਤਰੀਕੇ ਨਾਲ ਪੇਸ਼ ਕੀਤਾ ਹੈ, ਜਿਸ ਕਾਰਨ ਟੀਕੇ, ਪਰਮਾਰਥ ਦੀ ਆਦਿ ਵਿਧਾਵਾਂ ਦੀ ਜਰੂਰਤ ਪੈਂਦੀ ਹੈ।

# ਗੋਸ਼ਟਿ ਪਰੰਪਰਾ :

ਗੋਸ਼ਟਿ ਦੇ ਸ਼ਬਦੀ ਅਰਥ ‘ਇਕੱਠੇ ਹੋਣ’ ਤੋਂ ਹਨ। ਜਦੋਂ ਕੋਈ ਦੋ ਜਾਂ ਦੋ ਤੋਂ ਵੱਧ ਵਿਅਕਤੀ ਇਕੱਠੇ ਹੋ ਕੇ ਕਿਸੇ ਮਸਲੇ ਉਪਰ ਡੂੰਘੀ ਵਿਚਾਰ ਚਰਚਾ ਕਰਦੇ ਹਨ ਉਸਨੂੰ ਗੋਸ਼ਟਿ ਕਿਹਾ ਜਾਂਦਾ ਹੈ। ਇਸ ਵਿਚ ਪ੍ਸ਼ਨ ਉੱਤਰ ਦੇ ਨਾਲ ਆਪਣੀ ਗੱਲ ਨੂੰ ਦਲੀਲ ਪੂਰਨ ਬਣਾਉਣ ਲਈ ਦ੍ਰਿਸ਼ਟਾਂਤ ਵੀ ਪੇਸ਼ ਕੀਤੇ ਜਾਂਦੇ ਹਨ। ਗੋਸ਼ਟਿ ਵਿਚ ਗੱਲਬਾਤ ਸਧਾਰਨ ਨਾ ਹੋ ਕੇ ਸ਼ਾਸਤਰਾਰਥ ਰੂਪੀ ਗੱਲਬਾਤ ਹੁੰਦੀ ਹੈ, ਜੋ ਕਿ ਸੰਵਾਦ ਵਿਧੀ ਰਾਹੀਂ ਨੇਪਰੇ ਚੜਦੀ ਹੈ।

# ਸੁਖਨ :

ਸੁਖਨ ਫ਼ਾਰਸੀ ਪਿਛੋਕੜ ਦਾ ਸ਼ਬਦ ਹੈ। ਇਸਲਾਮੀ ਪਰੰਪਰਾ ਨਾਲ ਸੰਬੰਧਿਤ ਮਹਾਂਪੁਰਖਾਂ ਦੇ ਮੂੰਹ ਵਿਚੋਂ ਨਿਕਲੇ ਹੋਏ ਵਿਸ਼ੇਸ਼ ਬੋਲ/ਕਥਨ ਸੁਖਨ ਅਖਵਾਉਂਦੇ ਹਨ। ਇਹਨਾਂ ਦੇ ਕਥਨਾਂ ਦੇ ਹਵਾਲੇ ਦੇ ਕੇ ਲੋਕਾਂ ਨੂੰ ਧਰਮ ਤੋਂ ਜਾਣੂ ਕਰਾਇਆ ਜਾਂਦਾ ਸੀ।

# ਬਚਨ :

ਭਾਰਤੀ ਪਰੰਪਰਾ ਨਾਲ ਸੰਬੰਧਿਤ ਮਹਾਂਪੁਰਖਾਂ ਦੇ ਬੋਲਾਂ ਨੂੰ ਬਚਨ ਕਿਹਾ ਜਾਂਦਾ ਹੈ। ਸੁਖਨ ਅਤੇ ਬਚਨ ਇਕ ਹੀ ਵਿਧਾ ਦੇ ਦੋ ਰੂਪ ਹਨ। ਮਹਾਂਪੁਰਖਾਂ ਦੇ ਅਧਿਆਤਮਕ ਜੀਵਨ ਦੇ ਵਿਭਿੰਨ ਪਹਿਲੂਆਂ, ਉਹਨਾਂ ਦੀਆਂ ਪੰਕਤੀਆਂ ਜੋ ਕਿ ਹਵਾਲਿਆਂ ਦਾ ਰੂਪ ਧਾਰਨ ਕਰ ਲੈਂਦੀਆਂ ਹਨ, ਉਹਨਾਂ ਨੂੰ ਬਚਨ ਕਿਹਾ ਜਾਂਦਾ ਹੈ।

# ਮਸਲੇ :

ਮਸਲੇ ਸ਼ਬਦ ‘ਮਸਲਹ’ ਤੋਂ ਬਣਿਆ ਹੈ। ਜਿਸਦਾ ਅਰਥ ਹੈ ਧਰਮ ਦੇ ਵਿਸ਼ਿਆਂ ਨਾਲ ਜੁੜੇ ਸਿਧਾਂਤਕ ਵਿਚਾਰ। ਇਹ ਮੁਸਲਮਾਨ ਫ਼ਕੀਰਾਂ ਦੇ ਅਧਿਆਤਮਕ ਜੀਵਨ ਦੀ ਪੇਸ਼ਕਾਰੀ ਕਰਦੇ ਹਨ। ਮਸਲੇ ਦਾ ਮੁੱਖ ਉਦੇਸ਼ ਉਪਦੇਸ਼ਾਤਮਕ ਅਤੇ ਨੈਤਿਕਤਾ ਦਾ ਪ੍ਰਚਾਰ ਕਰਨਾ ਹੈ।

# ਹੁਕਮਨਾਮਾ :

ਇਹ ਦੋ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ- ਹੁਕਮ+ਨਾਮਾ। ਹੁਕਮ ਦਾ ਅਰਥ ਹੈ ਆਦੇਸ਼ ਅਤੇ ਨਾਮਾ ਦਾ ਅਰਥ ਹੈ ਚਿੱਠੀ ਪੱਤਰ। ਇਸ ਲਈ ਇਹ ਆਦੇਸ਼ਮੂਲਕ ਚਿੱਠੀ ਹੁੰਦੀ ਹੈ।
ਇਹ ਕੋਈ ਸਧਾਰਨ ਚਿੱਠੀ ਪੱਤਰ ਨਾ ਹੋ ਕੇ ਵਿਸ਼ੇਸ਼ ਵਿਅਕਤੀ ਵਲੋਂ ਜਾਰੀ ਕੀਤਾ ਗਿਆ ਆਦੇਸ਼ ਹੁੰਦਾ ਹੈ।

# ਰਹਿਤਨਾਮਾ :

ਇਹ ਦੋ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ- ਰਹਿਤ+ਨਾਮਾ। ਰਹਿਤ ਦਾ ਅਰਥ ਹੈ ਜੀਵਨ ਵਿਚਲੇ ਵਰਤੋਂ ਵਿਹਾਰ ਦਾ ਢੰਗ ਅਤੇ ਨਾਮਾ ਦਾ ਭਾਵ ਹੈ ਚਿੱਠੀ ਪੱਤਰ। ਇਸ ਤਰ੍ਹਾਂ ਰਹਿਤਨਾਮੇ ਧਾਰਮਿਕ ਸਮੁਦਾਇ ਦੀ ਜੀਵਨ ਜਾਚ, ਨੇਮ ਪ੍ਰਬੰਧ ਨੂੰ ਅੰਕਿਤ ਕਰਦੇ ਹਨ।

# ਸਾਰ/ਮਹਾਤਮ :

ਸਾਰ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਤੱਤ ਜਾਂ ਨਿਚੋੜ। ਸਾਰ ਅਤੇ ਮਹਾਤਮ ਵਿਚ ਕਿਸੇ ਭਾਵ ਜਾਂ ਵਿਚਾਰ ਨੂੰ ਸੰਖੇਪ ਅਤੇ ਸੰਜਮੀ ਅੰਦਾਜ਼ ਵਿਚ ਪੇਸ਼ ਕੀਤਾ ਜਾਂਦਾ ਹੈ।

ਇਸ ਤਰ੍ਹਾਂ ਪੁਰਾਤਨ ਪੰਜਾਬੀ ਵਾਰਤਕ ਵਿਚ ਉੱਪਰ ਦੱਸੇ ਅਨੁਸਾਰ ਵਿਧਾਵਾਂ ਸ਼ਾਮਿਲ ਹਨ। ਜਿਹਨਾਂ ਦਾ ਸੁਭਾਅ ਧਾਰਮਿਕ ਅਧਿਆਤਮਕ ਬਿਰਤੀ ਦਾ ਧਾਰਨੀ ਹੈ। ਇਹ ਸਾਹਿਤ ਪੰਜਾਬੀ ਸਾਹਿਤ ਦਾ ਅਮੁੱਲ ਖਜ਼ਾਨਾ ਹੈ।

**ਜਮਾ ਕਰਤਾ :**
**ਮਨਪ੍ਰੀਤ ਕੌਰ**
**ਪੰਜਾਬੀ ਵਿਭਾਗ**